ਮਿੱਠੇ ਬੱਚੇ:- ਬਾਪ ਦੇ ਕੋਲ ਜੋ ਵਕਖਰ ( ਸਮਾਨ ) ਹੈ , ਉਸ ਦਾ ਪੂਰਾ ਹੀ ਅੰਤ ਤੁਹਾਨੂੰ ਮਿਲਿਆ ਹੈ , ਤੁਸੀਂ ਉਸ ਨੂੰ ਧਾਰਨ ਕਰੋ ਅਤੇ ਕਰਾਓ "

ਪ੍ਰਸ਼ਨ:- ਤ੍ਰਿਕਾਲਦਰਸ਼ੀ ਬਾਪ ਡਰਾਮਾ ਦੇ ਆਦਿ - ਮੱਧ - ਅੰਤ ਨੂੰ ਜਾਣਦੇ ਹੋਏ ਵੀ ਕਲ ਦੀ ਗੱਲ ਅੱਜ ਨਹੀਂ ਦੱਸਦੇ ਹਨ - ਕਿਉਂ?

ਉੱਤਰ:- ਬਾਬਾ ਕਹਿੰਦੇ ਹਨ - ਬੱਚੇ ਜੇ ਮੈਂ ਪਹਿਲੇ ਤੋਂ ਹੀ ਦੱਸ ਦੇਵਾਂ ਤਾਂ ਡਰਾਮਾ ਦਾ ਮਜਾ ਹੀ ਨਿਕਲ ਜਾਵੇ। ਇਹ ਲਾਅ ਨਹੀਂ ਕਹਿੰਦਾ। ਸਭ ਕੁਝ ਜਾਣਦੇ ਹੋਏ ਮੈਂ ਵੀ ਡਰਾਮਾ ਦੇ ਵਸ਼ ਹਾਂ। ਪਹਿਲੇ ਸੁਣਾ ਨਹੀਂ ਸਕਦਾ, ਇਸਲਈ ਕੀ ਹੋਵੇਗਾ ਤੁਸੀਂ ਉਸ ਦੀ ਚਿੰਤਾ ਛੱਡ ਦਵੋ।

ਗੀਤ:- ਮਰਨਾ ਤੇਰੀ ਗਲੀ ਮੇਂ...

ਓਮ ਸ਼ਾਂਤੀ। ਇਹ ਹੈ ਪਾਰਲੌਕਿਕ ਆਤਮਾਵਾਂ ਦਾ ਬਾਪ। ਆਤਮਾਵਾਂ ਨਾਲ ਹੀ ਗੱਲ ਕਰਦੇ ਹਨ। ਉਨ੍ਹਾਂ ਨੂੰ ਬੱਚੇ - ਬੱਚੇ ਕਹਿਣ ਦੀ ਪ੍ਰੈਕਟਿਸ ਹੋ ਜਾਂਦੀ ਹੈ। ਭਾਵੇਂ ਸ਼ਰੀਰ ਬੱਚੀ ਦਾ ਹੈ ਪਰ ਆਤਮਾਵਾਂ ਤਾਂ ਸਭ ਬੱਚੇ ਹੀ ਹਨ। ਹਰ ਆਤਮਾ ਵਾਰਿਸ ਹੈ ਮਤਲਬ ਵਰਸਾ ਲੈਣ ਦੀ ਹੱਕਦਾਰ ਹੈ। ਬਾਪ ਆਕੇ ਕਹਿੰਦੇ ਹਨ ਬੱਚਿਓ ਤੁਸੀਂ ਹਰ ਇੱਕ ਨੂੰ ਵਰਸਾ ਲੈਣ ਦਾ ਹੱਕ ਹੈ। ਬੇਹੱਦ ਦੇ ਬਾਪ ਨੂੰ ਬਹੁਤ ਯਾਦ ਕਰਨਾ ਹੈ, ਇਸ ਵਿੱਚ ਹੀ ਮਿਹਨਤ ਹੈ। ਬਾਬਾ ਪਰਮਧਾਮ ਤੋਂ ਆਏ ਹਨ ਸਾਨੂੰ ਪੜ੍ਹਾਉਣ। ਸਾਧੂ - ਸੰਤ ਤਾਂ ਆਪਣੇ ਘਰ ਤੋਂ ਆਉਂਦੇ ਹਨ ਜਾਂ ਕਿਸੇ ਪਿੰਡ ਤੋਂ ਆਉਂਦੇ ਹਨ। ਬਾਬਾ ਤਾਂ ਪਰਮਧਾਮ ਤੋਂ ਆਏ ਹਨ ਸਾਨੂੰ ਪੜ੍ਹਾਉਣ। ਇਹ ਕਿਸੇ ਨੂੰ ਪਤਾ ਨਹੀਂ ਹੈ। ਬੇਹੱਦ ਦਾ ਬਾਪ ਉਹ ਹੀ ਪਤਿਤ - ਪਾਵਨ ਗੌਡ ਫਾਦਰ ਹੈ। ਉਨ੍ਹਾਂ ਨੂੰ ਓਸ਼ਨ ਆਫ ਨਾਲੇਜ ਵੀ ਕਹਿੰਦੇ ਹਨ, ਅਥਾਰਿਟੀ ਹੈ ਨਾ। ਕਿਹੜੀ ਨਾਲੇਜ ਹੈ? ਈਸ਼ਵਰੀ ਨਾਲੇਜ ਹੈ। ਬਾਪ ਹੈ ਮਨੁੱਖ ਸ੍ਰਿਸ਼ਟੀ ਦਾ ਬੀਜ ਰੂਪ। ਸਤ - ਚਿੱਤ - ਆਨੰਦ ਸਵਰੂਪ। ਉਨ੍ਹਾਂ ਦੀ ਬਹੁਤ ਭਾਰੀ ਮਹਿਮਾ ਹੈ। ਉਨ੍ਹਾਂ ਦੇ ਕੋਲ ਇਹ ਵੱਖਰ (ਸਮਗਰੀ) ਹੈ। ਕਿਸੇ ਦੇ ਕੋਲ ਦੁਕਾਨ ਹੁੰਦਾ ਹੈ, ਕਹਿਣਗੇ ਸਾਡੀ ਦੁਕਾਨ ਵਿੱਚ ਇਹ - ਇਹ ਵਰੇਇਟੀ ਹੈ। ਬਾਪ ਵੀ ਕਹਿੰਦੇ ਹਨ ਮੈਂ ਗਿਆਨ ਦਾ ਸਾਗਰ, ਆਨੰਦ ਦਾ ਸਾਗਰ, ਸ਼ਾਂਤੀ ਦਾ ਸਾਗਰ ਹਾਂ। ਮੇਰੇ ਕੋਲ ਇਹ ਸਭ ਵੱਖਰ ਮੌਜੂਦ ਹੈ। ਮੈਂ ਸੰਗਮ ਤੇ ਆਉਂਦਾ ਹਾਂ ਡਿਲਵਰੀ ਕਰਨ, ਜੋ ਕੁਝ ਮੇਰੇ ਕੋਲ ਹੈ ਸਭ ਡਿਲੀਵਰੀ ਕਰਦਾ ਹਾਂ ਫਿਰ ਜਿੰਨਾ ਜੋ ਧਾਰਨ ਕਰੇ ਜਾਂ ਜਿੰਨਾ ਪੁਰਸ਼ਾਰਥ ਕਰੇ। ਬੱਚੇ ਜਾਣਦੇ ਹਨ - ਬਾਪ ਦੇ ਕੋਲ ਕੀ - ਕੀ ਹੈ ਅਤੇ ਐਕੁਰੇਟ ਜਾਣਦੇ ਹਨ। ਅੱਜਕਲ ਕਿਸੇ ਨੂੰ ਆਪਣਾ ਅੰਤ ਕੋਈ ਦੱਸਦੇ ਨਹੀਂ ਹਨ। ਗਾਇਆ ਹੋਇਆ ਹੈ - ਕਿਸੇ ਦੀ ਦਬੀ ਰਹੀ ਧੂਲ ਵਿੱਚ... ਇਹ ਸਭ ਹੁਣ ਦੀ ਗੱਲ ਹੈ। ਅੱਗ ਲੱਗੇਗੀ ਸਭ ਖਤਮ ਹੋ ਜਾਣਗੇ। ਰਾਜਿਆਂ ਦੇ ਕੋਲ ਅੰਦਰ ਬਹੁਤ ਵੱਡੀ ਮਜਬੂਤ ਗੁਫ਼ਾਵਾਂ ਰਹਿੰਦੀਆਂ ਹਨ। ਭਾਵੇਂ ਅਰਥਕਵੇਕ ਹੋ, ਜ਼ੋਰ ਨਾਲ ਅੱਗ ਲੱਗੇ ਤਾਂ ਵੀ ਅੰਦਰ ਤੋਂ ਨਿਕਲ ਆਉਂਦੇ ਹਨ। ਤੁਸੀਂ ਬੱਚੇ ਜਾਣਦੇ ਹੋ ਇੱਥੇ ਦੀ ਕੋਈ ਵੀ ਚੀਜ਼ ਉੱਥੇ ਕੰਮ ਨਹੀਂ ਆਉਣੀ ਹੈ। ਖਾਣੀਆਂ ਵੀ ਸਭ ਨਵੇਂ ਸਿਰ ਭਰਪੂਰ ਹੋ ਜਾਂਦੀਆਂ ਹਨ। ਸਾਂਇਸ ਵੀ ਰਿਫਾਇਨ ਹੋ ਤੁਹਾਡੇ ਕੰਮ ਆਉਂਦੀ ਹੈ। ਤੁਸੀਂ ਬੱਚਿਆਂ ਦੀ ਬੁੱਧੀ ਵਿੱਚ ਹੁਣ ਸਾਰਾ ਗਿਆਨ ਹੈ। ਬੱਚੇ ਜਾਣਦੇ ਹਨ ਅਸੀਂ ਸ੍ਰਿਸ਼ਟੀ ਦੇ ਆਦਿ - ਮੱਧ - ਅੰਤ ਨੂੰ ਜਾਣਦੇ ਹਾਂ। ਬਾਕੀ ਅੰਤ ਦਾ ਥੋੜ੍ਹਾ ਟੁਕੜਾ ਹੈ, ਜਿਸ ਨੂੰ ਵੀ ਜਾਣ ਜਾਵੋਗੇ। ਬਾਬਾ ਪਹਿਲੇ ਤੋਂ ਹੀ ਸਭ ਕਿਵੇਂ ਦੱਸ ਦੇਣ, ਬਾਪ ਕਹਿੰਦੇ ਹਨ - ਮੈਂ ਵੀ ਡਰਾਮਾ ਦੇ ਵਸ਼ ਹਾਂ, ਜੋ ਗਿਆਨ ਹੁਣ ਤੱਕ ਮਿਲਿਆ ਹੈ ਉਹ ਹੀ ਡਰਾਮਾ ਵਿੱਚ ਨੂੰਧ ਹੈ। ਜੋ ਸੇਕੇਂਡ ਪਾਸ ਹੋਇਆ, ਉਨ੍ਹਾਂ ਨੂੰ ਡਰਾਮਾ ਮਸਝਣਾ ਹੈ। ਬਾਕੀ ਜੋ ਕਲ ਹੋਵੇਗਾ ਉਹ ਵੇਖਿਆ ਜਾਵੇਗਾ। ਕਲ ਦੀ ਗੱਲ ਅੱਜ ਨਹੀਂ ਸੁਣਾਉਣਗੇ। ਇਸ ਡਰਾਮਾ ਦੇ ਰਾਜ ਨੂੰ ਮਨੁੱਖ ਸਮਝਦੇ ਨਹੀਂ ਹਨ। ਕਲਪ ਦੀ ਉਮਰ ਹੀ ਕਿੰਨੀ ਲੰਬੀ ਚੋੜੀ ਲਗਾ ਦਿੱਤੀ ਹੈ। ਇਸ ਡਰਾਮਾ ਨੂੰ ਸਮਝਣ ਦੀ ਵੀ ਹਿੰਮਤ ਚਾਹੀਦੀ ਹੈ। ਅੰਮਾ ਮਰੇ ਤਾਂ ਵੀ ਹਲੁਆ ਖਾਣਾ...ਸਮਝਦੇ ਹਨ ਮਰ ਗਏ ਜਾਕੇ ਦੂਜਾ ਜਨਮ ਲਿੱਤਾ ਹੈ। ਅਸੀਂ ਰੋਈਏ ਕਿਉਂ? ਬਾਬਾ ਨੇ ਸਮਝਾਇਆ ਹੈ - ਅਖਬਾਰ ਵਿੱਚ ਤੁਸੀਂ ਲਿਖ ਸਕਦੇ ਹੋ, ਇਹ ਪ੍ਰਦਰਸ਼ਨੀ ਅੱਜ ਤੋਂ 5 ਹਜਾਰ ਵਰ੍ਹੇ ਪਹਿਲੇ ਇਸ ਤਾਰੀਖ, ਇਸ ਹੀ ਸਥਾਨ ਤੇ ਇਸ ਤਰ੍ਹਾਂ ਹੋਈ ਸੀ। ਇਹ ਵਰਲਡ ਦੀ ਹਿਸਟ੍ਰੀ - ਜੋਗ੍ਰਾਫੀ ਰਿਪੀਟ ਹੋ ਰਹੀ ਹੈ, ਲਿਖ ਦੇਣਾ ਚਾਹੀਦਾ ਹੈ। ਇਹ ਤਾਂ ਜਾਣਦੇ ਹਨ - ਇਹ ਦੁਨੀਆਂ ਬਾਕੀ ਥੋੜ੍ਹੇ ਦਿਨ ਹੈ, ਇਹ ਸਭ ਖਤਮ ਹੋ ਜਾਣਗੇ। ਅਸੀਂ ਤਾਂ ਪੁਰਸ਼ਾਰਥ ਕਰ ਵਿਕਰਮਾਂਜੀਤ ਬਣ ਜਾਵਾਂਗੇ ਫਿਰ ਦਵਾਪਰ ਤੋਂ ਵਿਕ੍ਰਮ ਸੰਵਤ ਸ਼ੁਰੂ ਹੁੰਦਾ ਹੈ ਮਤਲਬ ਵਿਕ੍ਰਮ ਹੋਣ ਦਾ ਸੰਵਤ। ਇਸ ਸਮੇਂ ਤੁਸੀਂ ਵਿਕ੍ਰਮਾਂ ਤੇ ਜਿੱਤ ਪਾਉਂਦੇ ਹੋ ਤਾਂ ਵਿਕ੍ਰਮਾਂਜੀਤ ਬਣ ਜਾਂਦੇ ਹੋ। ਪਾਪ ਕਰਮਾਂ ਨੂੰ ਸ਼੍ਰੀਮਤ ਨਾਲ ਜਿੱਤ ਕੇ ਵਿਕਰਮਜੀਤ ਬਣ ਜਾਂਦੇ ਹੋ। ਉੱਥੇ ਤੁਸੀਂ ਆਤਮ - ਅਭਿਮਾਨੀ ਹੁੰਦੇ ਹੋ। ਉੱਥੇ ਦੇਹ - ਅਭਿਮਾਨ ਹੁੰਦਾ ਨਹੀਂ। ਕਲਯੁਗ ਵਿੱਚ ਦੇਹੀ - ਅਭਿਮਾਨੀ ਹਨ। ਸੰਗਮ ਤੇ ਤੁਸੀਂ ਦੇਹ - ਅਭਿਮਾਨੀ ਬਣਦੇ ਹੋ। ਪਰਮਪਿਤਾ ਪਰਮਾਤਮਾ ਨੂੰ ਵੀ ਜਾਣਦੇ ਹੋ। ਇਹ ਹੈ ਸ਼ੁੱਧ ਅਭਿਮਾਨ। ਤੁਸੀਂ ਬ੍ਰਾਹਮਣ ਸਭ ਤੋਂ ਉੱਚ ਹੋ। ਤੁਸੀਂ ਹੋ ਸਰਵੋਤਮ ਬ੍ਰਾਹਮਣ ਕੁਲਭੂਸ਼ਨ। ਇਹ ਨਾਲੇਜ ਸਿਰਫ ਤੁਹਾਨੂੰ ਮਿਲਦੀ ਹੈ, ਦੂਜੇ ਕਿਸੇ ਨੂੰ ਮਿਲਦੀ ਨਹੀਂ। ਤੁਹਾਡਾ ਇਹ ਸਰਵੋਤਮ ਕੁਲ ਹੈ। ਗਾਇਆ ਵੀ ਜਾਂਦਾ ਹੈ ਅਤਿਇੰਦ੍ਰੀਏ ਸੁੱਖ ਗੋਪੀ ਵੱਲਭ ਦੇ ਬੱਚੇਆਂ ਤੋਂ ਪੁੱਛੋ। ਤੁਹਾਨੂੰ ਹੁਣ ਲਾਟਰੀ ਮਿਲਦੀ ਹੈ। ਕੋਈ ਚੀਜ਼ ਮਿਲ ਜਾਂਦੀ ਹੈ, ਉਸ ਦੀ ਇੰਨੀ ਖੁਸ਼ੀ ਨਹੀਂ ਹੁੰਦੀ ਹੈ। ਜੱਦ ਗਰੀਬ ਤੋਂ ਸਾਹੂਕਾਰ ਬਣ ਜਾਂਦੇ ਹਨ ਤਾਂ ਖੁਸ਼ੀ ਹੁੰਦੀ ਹੈ। ਤੁਸੀਂ ਵੀ ਜਾਣਦੇ ਹੋ ਜਿੰਨਾ ਅਸੀਂ ਪੁਰਸ਼ਾਰਥ ਕਰਾਂਗੇ ਉਨ੍ਹਾਂ ਬਾਪ ਤੋਂ ਰਾਜਧਾਨੀ ਦਾ ਵਰਸਾ ਲਵਾਂਗੇ। ਜੋ ਜਿਨ੍ਹਾਂ ਪੁਰਸ਼ਾਰਥ ਕਰੇਗਾ ਉਤਨਾ ਪਾਵੇਗਾ। ਮੁੱਖ ਗੱਲ ਬਾਪ ਕਹਿੰਦੇ ਹਨ ਬੱਚੇ ਆਪਣੇ ਮੋਸ੍ਰ ਬਿਲਵੇਡ ਬਾਪ ਨੂੰ ਯਾਦ ਕਰੋ। ਉਹ ਸਭ ਦਾ

ਬਿਲਵੇਡ ਬਾਪ ਹੈ। ਉਹ ਹੀ ਆਕੇ ਸਭ ਨੂੰ ਸੁੱਖ ਸ਼ਾਂਤੀ ਦਿੰਦੇ ਹਨ। ਹੁਣ ਦੇਵੀ - ਦੇਵਤਾਵਾਂ ਦੀ ਰਾਜਧਾਨੀ ਸਥਾਪਨ ਹੋ ਰਹੀ ਹੈ। ਉੱਥੇ ਕਿੰਗ - ਕਵੀਨ ਨਹੀਂ ਹੁੰਦੇ। ਉੱਥੇ ਕਹਿਣਗੇ ਮਹਾਰਾਜਾ - ਮਹਾਰਾਣੀ। ਜੇ ਭਗਵਾਨ - ਭਗਵਤੀ ਕਹਿਣ ਤਾਂ ਫਿਰ ਯਥਾ ਰਾਜਾ - ਰਾਣੀ ਤਥਾ ਪਰਜਾ, ਸਭ ਭਗਵਾਨ- ਭਗਵਤੀ ਹੋ ਜਾਣ ਇਸਲਈ ਭਗਵਾਨ - ਭਗਵਤੀ ਕਿਹਾ ਨਹੀਂ ਜਾਂਦਾ ਹੈ। ਭਗਵਾਨ ਇੱਕ ਹੈ। ਮਨੁੱਖ ਨੂੰ ਭਗਵਾਨ ਨਹੀਂ ਕਿਹਾ ਜਾਂਦਾ ਹੈ। ਸੂਕ੍ਸ਼੍ਮਵਤਨਵਾਸੀ ਬ੍ਰਹਮਾ, ਵਿਸ਼ਨੂੰ, ਸ਼ੰਕਰ ਨੂੰ ਵੀ ਦੇਵਤਾ ਕਹਿੰਦੇ ਹਨ। ਸਥੂਲਵਤਨ - ਵਾਸੀ ਨੂੰ ਅਸੀਂ ਭਗਵਾਨ ਭਗਵਤੀ ਕਿਵੇਂ ਕਹਾਂਗੇ। ਉੱਚ ਤੇ ਉੱਚ ਹੈ ਮੂਲਵਤਨ ਫਿਰ ਸੂਕ੍ਸ਼੍ਮਵਤਨ, ਇਹ ਹੈ ਥਰਡ ਨੰਬਰ। ਇਹ ਤੁਹਾਡੀ ਬੁੱਧੀ ਵਿੱਚ ਰਹਿਣਾ ਚਾਹੀਦਾ ਹੈ। ਅਸੀਂ ਆਤਮਾਵਾਂ ਦਾ ਬਾਪ ਸ਼ਿਵਬਾਬਾ ਹੀ ਹੈ ਫਿਰ ਸ਼ਿਕ੍ਸ਼ਕ ਵੀ ਹੈ, ਗੁਰੂ ਵੀ ਹੈ। ਸੁਨਾਰ, ਬੈਰਿਸਟਰ ਆਦਿ ਸਭ ਹੈ। ਸਭ ਨੂੰ ਰਾਵਣ ਦੀ ਜੇਲ ਤੋਂ ਛਡਾਉਂਦੇ ਹਨ। ਸ਼ਿਵਬਾਬਾ ਕਿੰਨਾ ਵੱਡਾ ਬੈਰਿਸਟਰ ਹੈ। ਤਾਂ ਅਜਿਹੇ ਬਾਪ ਨੂੰ ਕਿਓਂ ਭੁਲਣਾ ਚਾਹੀਦਾ ਹੈ। ਕਿਓਂ ਕਹਿੰਦੇ ਹਨ, ਬਾਬਾ ਅਸੀਂ ਭੁੱਲ ਜਾਂਦੇ ਹਾਂ। ਮਾਇਆ ਦੇ ਬਹੁਤ ਤੂਫ਼ਾਨ ਆਉਂਦੇ ਹਨ। ਬਾਬਾ ਕਹਿੰਦੇ ਹਨ ਇਹ ਤਾਂ ਹੋਵੇਗਾ। ਕੁਝ ਤਾਂ ਮਿਹਨਤ ਕਰਨੀ ਪਵੇ। ਇਹ ਹੈ ਮਾਇਆ ਨਾਲ ਲੜਾਈ। ਤੁਸੀਂ ਪਾਂਡਵਾਂ ਦੀ ਕੋਈ ਕੌਰਵਾਂ ਨਾਲ ਲੜਾਈ ਨਹੀਂ ਹੈ। ਪਾਂਡਵ ਕਿਵੇਂ ਲੜਾਈ ਕਰਨਗੇ। ਫਿਰ ਤਾਂ ਹਿੰਸਾ ਹੋ ਜਾਵੇਗੀ। ਬਾਪ ਕਦੀ ਹਿੰਸਾ ਨਹੀਂ ਸਿਖਾਉਂਦੇ ਹਨ। ਕੁਝ ਵੀ ਸਮਝ ਨਹੀਂ ਸਕਦੇ। ਅਸਲ ਵਿੱਚ ਸਾਡੀ ਕੋਈ ਲੜਾਈ ਹੈ ਨਹੀਂ। ਬਾਬਾ ਸਿਰਫ ਯੁਕਤੀ ਦੱਸਦੇ ਹਨ ਕਿ ਮੈਨੂੰ ਯਾਦ ਕਰੋ, ਮਾਇਆ ਦਾ ਵਾਰ ਨਹੀਂ ਹੋਵੇਗਾ। ਇਸ ਤੇ ਵੀ ਇੱਕ ਕਹਾਣੀ ਹੈ, ਪੁੱਛਿਆ - ਪਹਿਲੇ ਸੁੱਖ ਚਾਹੀਦਾ ਜਾਂ ਦੁੱਖ? ਤਾਂ ਬੋਲਿਆ ਸੁੱਖ। ਦੁੱਖ ਹੋ ਨਾ ਸਕੇ ਸਤਿਯੁਗ ਵਿੱਚ।

ਤੁਸੀਂ ਜਾਣਦੇ ਹੋ - ਇਸ ਸਮੇਂ ਸਾਰੇ ਸਿਤਾਵਾਂ ਰਾਵਣ ਦੀ ਸ਼ੋਕ ਵਾਟਿਕਾ ਵਿੱਚ ਹਨ। ਇਹ ਸਾਰੀ ਦੁਨੀਆਂ ਸਾਗਰ ਦੇ ਵਿੱਚ ਲੰਕਾ ਹੈ। ਹੁਣ ਸਭ ਰਾਵਣ ਦੀ ਜੇਲ ਵਿੱਚ ਪਏ ਹਨ। ਸਰਵ ਦੀ ਸਦਗਤੀ ਕਰਨ ਦੇ ਲਈ ਬਾਪ ਆਏ ਹਨ। ਸਭ ਸ਼ੋਕ ਵਾਟਿਕਾ ਵਿੱਚ ਹਨ। ਸਵਰਗ ਵਿੱਚ ਹੈ ਸੁੱਖ, ਨਰਕ ਵਿੱਚ ਹੈ ਦੁੱਖ। ਇਸ ਨੂੰ ਸ਼ੋਕ ਵਾਟਿਕਾ ਕਹਾਂਗੇ। ਉਹ ਹੈ ਅਸ਼ੋਕ, ਸਵਰਗ। ਬਹੁਤ ਵੱਡਾ ਅੰਤਰ ਹੈ। ਤੁਸੀਂ ਬੱਚਿਆਂ ਨੂੰ ਕਸ਼ਿਸ਼ ਕਰ ਬਾਪ ਨੂੰ ਯਾਦ ਕਰਨਾ ਚਾਹੀਦਾ ਹੈ ਤਾਂ ਖੁਸ਼ੀ ਦਾ ਪਾਰਾ ਚੜ੍ਹੇਗਾ। ਬਾਪ ਦੀ ਰਾਏ ਤੇ ਨਹੀਂ ਚੱਲਣਗੇ ਤਾਂ ਸੌਤੇਲੇ ਠਹਿਰੇ। ਫਿਰ ਪ੍ਰਜਾ ਵਿੱਚ ਚਲੇ ਜਾਣਗੇ। ਮਾਤੇਲੇ ਹੋਣਗੇ ਤਾਂ ਰਾਜਧਾਨੀ ਵਿੱਚ ਆ ਜਾਣਗੇ। ਰਾਜਧਾਨੀ ਵਿੱਚ ਆਉਣਾ ਚਾਹੁੰਦੇ ਹੋ ਤਾਂ ਸ਼੍ਰੀਮਤ ਤੇ ਚਲਣਾ ਪਵੇ। ਕ੍ਰਿਸ਼ਨ ਦੀ ਮਤ ਨਹੀਂ ਮਿਲਦੀ ਹੈ। ਮਤ ਹੈ ਹੀ ਦੋ। ਹੁਣ ਤੁਸੀਂ ਸ਼੍ਰੀਮਤ ਲੈਂਦੇ ਹੋ ਫਿਰ ਸਤਿਯੁਗ ਵਿੱਚ ਉਸ ਦਾ ਫਲ ਭੋਗਦੇ ਹੋ। ਫਿਰ ਦਵਾਪਰ ਵਿੱਚ ਰਾਵਣ ਦੀ ਮੱਤ ਮਿਲਦੀ ਹੈ। ਸਭ ਰਾਵਣ ਦੀ ਮੱਤ ਤੇ ਅਸੁਰ ਬਣ ਜਾਂਦੇ ਹਨ। ਤੁਹਾਨੂੰ ਮਿਲਦੀ ਹੈ ਈਸ਼ਵਰੀ ਮੱਤ। ਮੱਤ ਦੇਣ ਵਾਲਾ ਇੱਕ ਹੀ ਬਾਪ ਹੈ। ਉਹ ਹੈ ਈਸ਼ਵਰ। ਤੁਸੀਂ ਈਸ਼ਵਰੀ ਮੱਤ ਤੇ ਕਿੰਨਾ ਪਵਿੱਤਰ ਬਣਦੇ ਹੋ। ਪਹਿਲਾ ਪਾਪ ਹੈ - ਵਿਸ਼ੇ ਸਾਗਰ ਵਿੱਚ ਗੋਤਾ ਖਾਣਾ ਹੈ। ਦੇਵਤੇ ਵਿਸ਼ੇ ਸਾਗਰ ਵਿੱਚ ਗੋਤਾ ਨਹੀਂ ਖਾਣਗੇ। ਕਹਿਣਗੇ ਕੀ ਉੱਥੇ ਬੱਚੇ ਨਹੀਂ ਹੁੰਦੇ ਹਨ? ਬੱਚੇ ਕਿਓਂ ਨਹੀਂ ਹੁੰਦੇ! ਪਰ ਉਹ ਹੈ ਹੀ ਵਾਈਸਲੈਸ ਦੁਨੀਆਂ, ਸੰਪੂਰਨ ਨਿਰਵਿਕਾਰੀ। ਉੱਥੇ ਇਹ ਕੋਈ ਵਿਕਾਰ ਹੁੰਦੇ ਨਹੀਂ। ਬਾਪ ਨੇ ਸਮਝਾਇਆ ਹੈ - ਦੇਵਤਾ ਸਿਰਫ ਆਤਮ ਅਭਿਮਾਨੀ ਹਨ, ਪਰਮਾਤਮਾ ਅਭਿਮਾਨੀ ਨਹੀਂ ਹਨ। ਤੁਸੀਂ ਆਤਮਾ - ਅਭਿਮਾਨੀ ਵੀ ਹੋ, ਪਰਮਾਤਮਾ ਅਭਿਮਾਨੀ ਵੀ ਹੋ। ਪਹਿਲੇ ਦੋਨੋਂ ਨਹੀਂ ਸੀ। ਸਤਿਯੁਗ ਵਿੱਚ ਪਰਮਾਤਮਾ ਨੂੰ ਨਹੀਂ ਜਾਣਦੇ। ਆਤਮਾ ਨੂੰ ਜਾਣਦੇ ਹਨ ਕਿ ਅਸੀਂ ਆਤਮਾ ਇਹ ਪੁਰਾਣਾ ਸ਼ਰੀਰ ਛੱਡ ਫਿਰ ਜਾ ਨਵਾਂ ਸ਼ਰੀਰ ਲਵਾਂਗੀ। ਪਹਿਲੇ ਪਤਾ ਪੈ ਜਾਂਦਾ ਹੈ, ਹੁਣ ਪੁਰਾਣਾ ਛੱਡ ਨਵਾਂ ਲੈਣਾ ਹੈ। ਬੱਚਾ ਹੁੰਦਾ ਹੈ ਤਾਂ ਵੀ ਪਹਿਲੇ ਤੋਂ ਸਾਕਸ਼ਾਤਕਰ ਹੋ ਜਾਂਦਾ ਹੈ। ਯੋਗਬਲ ਨਾਲ ਤੁਸੀਂ ਸਾਰੇ ਵਿਸ਼ਵ ਦੇ ਮਾਲਿਕ ਬਣ ਜਾਂਦੇ ਹੋ। ਤਾਂ ਕੀ ਯੋਗਬਲ ਨਾਲ ਬੱਚੇ ਨਹੀਂ ਹੋ ਸਕਦੇ! ਯੋਗਬਲ ਨਾਲ ਕੋਈ ਵੀ ਚੀਜ਼ ਨੂੰ ਤੁਸੀਂ ਪਾਵਨ ਬਣਾ ਸਕਦੇ ਹੋ। ਪਰ ਤੁਸੀਂ ਯਾਦ ਭੁੱਲ ਜਾਂਦੇ ਹੋ। ਕਿਸ ਨੂੰ ਅਭਿਆਸ ਪੈ ਜਾਂਦਾ ਹੈ। ਬਹੁਤ ਸੰਨਿਆਸੀ ਲੋਕ ਵੀ ਹੁੰਦੇ ਹਨ ਜਿਨ੍ਹਾਂ ਨੂੰ ਭੋਜਨ ਦਾ ਕਦਰ ਰਹਿੰਦਾ ਹੈ, ਤਾਂ ਉਸ ਸਮੇਂ ਬਹੁਤ ਮੰਤਰ ਪੜ੍ਹਕੇ ਫਿਰ ਖਾਂਦੇ ਹਨ। ਤੁਹਾਨੂੰ ਵੀ ਪਰਹੇਜ ਤਾਂ ਦੱਸੀ ਹੈ। ਕੁਝ ਵੀ ਮਾਸ - ਮਦਿਰਾ ਨਹੀਂ ਖਾਣਾ ਹੈ। ਤੁਸੀਂ ਦੇਵਤਾ ਬਣਦੇ ਹੋ ਨਾ। ਦੇਵਤਾ ਕਦੀ ਕਿਚੜ੍ਹਪੱਟੀ ਨਹੀਂ ਖਾਂਦੇ। ਤਾਂ ਇਵੇਂ ਪਵਿੱਤਰ ਬਣਨਾ ਹੈ। ਬਾਪ ਕਹਿੰਦੇ ਹਨ ਮੇਰੇ ਦਵਾਰਾ ਤੁਸੀਂ ਮੈਨੂੰ ਜਾਨਣ ਨਾਲ ਸਭ ਕੁਝ ਜਾਣ ਜਾਵੋਗੇ। ਫਿਰ ਜਾਨਣ ਦਾ ਕੁਝ ਰਹੇਗਾ ਨਹੀਂ। ਸਤਿਯੁਗ ਵਿੱਚ ਫਿਰ ਪੜ੍ਹਾਈ ਵੀ ਹੋਰ ਹੁੰਦੀ ਹੈ। ਇਸ ਮ੍ਰਿਤੂਲੋਕ ਦੀ ਪੜ੍ਹਾਈ ਦਾ ਹੁਣ ਅੰਤ ਹੈ। ਮ੍ਰਿਤਯੁਲੋਕ ਦੀ ਸਾਰੀ ਕਾਰੋਬਾਰ ਖਤਮ ਹੋ ਫਿਰ ਅਮਰਲੋਕ ਦੀ ਸੁਰੂ ਹੋਵੇਗੀ। ਇੰਨਾ ਬੱਚਿਆਂ ਨੂੰ ਨਸ਼ਾ ਚੜ੍ਹਨਾ ਚਾਹੀਦਾ ਹੈ। ਅਮਰਲੋਕ ਦੇ ਮਾਲਿਕ ਸੀ, ਤੁਸੀਂ ਬੱਚਿਆਂ ਨੂੰ ਅਤਿਇੰਦ੍ਰੀਏ ਸੁੱਖ, ਪਰਮ ਸੁੱਖ ਵਿੱਚ ਰਹਿਣਾ ਚਾਹੀਦਾ ਹੈ। ਪਰਮਪਿਤਾ ਪਰਮਾਤਮਾ ਦੇ ਅਸੀਂ ਬੱਚੇ ਹਾਂ ਅਥਵਾ ਸਟੂਡੈਂਟ ਹਾਂ। ਪਰਮਪਿਤਾ ਪਰਮਾਤਮਾ ਸਾਨੂੰ ਹੁਣ ਘਰ ਲੈ ਜਾਣਗੇ, ਇਨ੍ਹਾਂ ਨੂੰ ਹੀ ਪਰਮਾਨੰਦ ਕਿਹਾ ਜਾਂਦਾ ਹੈ। ਸਤਿਯੁਗ ਵਿੱਚ ਇਹ ਗੱਲਾਂ ਹੁੰਦੀਆਂ ਨਹੀਂ। ਇਹ ਤੁਸੀਂ ਹੁਣ ਸੁਣਦੇ ਹੋ, ਇਸ ਸਮੇਂ ਈਸ਼ਵਰੀ ਫੈਮਿਲੀ ਦੇ ਹੋ। ਹੁਣ ਦਾ ਵੀ ਗਾਇਨ ਹੈ - ਅਤਿਇੰਦ੍ਰੀਏ ਸੁੱਖ ਗੋਪੀ ਗੋਪੀਆਂ ਤੋਂ ਪੁੱਛੋ। ਪਰਮਧਾਮ ਦਾ ਰਹਿਣ ਵਾਲਾ ਬਾਬਾ ਆਕੇ ਸਾਡਾ ਬਾਪ, ਟਿੱਚਰ, ਗੁਰੂ ਬਣਦੇ ਹਨ। ਤਿੰਨੋਂ ਹੀ ਸਰਵੈਂਟ ਠਹਿਰੇ। ਕੋਈ ਅਭਿਮਾਨ ਨਹੀਂ ਰੱਖਦੇ ਹਨ। ਕਹਿੰਦੇ ਹਨ ਅਸੀਂ ਤੁਹਾਡੀ ਸੇਵਾ ਕਰ ਤੁਹਾਨੂੰ ਸਭ ਕੁਝ ਦੇ ਨਿਰਵਾਣਧਾਮ ਵਿੱਚ ਬੈਠ ਜਾਵਾਂਗੇ, ਤਾਂ ਸਰਵੈਂਟ ਹੋਇਆ ਨਾ। ਵਾਇਸਰਾਏ ਆਦਿ ਹਮੇਸ਼ਾ ਸਹੀ ਕਰਦੇ ਹਨ ਤਾਂ ਓਬੀਡੀਐਂਟ ਸਰਵੈਂਟ ਲਿਖਦੇ ਹਨ। ਬਾਬਾ ਵੀ ਨਿਰਾਕਾਰੀ ਨਿਰਹੰਕਾਰੀ ਹੈ। ਕਿਵੇਂ ਬੈਠ ਪੜ੍ਹਾਉਂਦੇ ਹਨ। ਇੰਨੀ ਉੱਚ ਪੜ੍ਹਾਈ ਕੋਈ ਪੜ੍ਹਾ ਨਾ ਸਕੇ। ਇੰਨੀ ਪੁਆਇੰਟਸ ਕੋਈ ਦੇ ਨਾ ਸਕੇ। ਮਨੁੱਖ ਤਾਂ ਜਾਣ ਨਹੀਂ ਸਕਦੇ, ਇਨ੍ਹਾਂ ਨੂੰ ਕੋਈ ਗੁਰੂ ਨੇ ਨਹੀਂ ਸਿਖਾਇਆ। ਗੁਰੂ ਹੁੰਦਾ ਤਾਂ ਬਹੁਤਿਆਂ ਦਾ ਹੁੰਦਾ। ਇੱਕ ਦਾ ਹੁੰਦਾ ਹੈ ਕੀ? ਇਹ ਬਾਪ ਹੀ ਪਤਿਤਾਂ ਨੂੰ ਪਾਵਨ ਬਣਾਉਂਦੇ ਹਨ। ਆਦਿ ਸਨਾਤਨ ਦੇਵੀ ਦੇਵਤਾ ਧਰਮ ਦੀ ਸਥਾਪਨਾ ਕਰ ਰਹੇ ਹਨ। ਬਾਬਾ ਕਹਿੰਦੇ ਹਨ ਮੈਂ ਕਲਪ - ਕਲਪ, ਕਲਪ ਦੇ ਸੰਗਮਯੁਗੇ ਆਉਂਦਾ ਹਾਂ। ਕਹਿੰਦੇ ਹਨ ਨਾ - ਬਾਬਾ ਅਸੀਂ ਕਲਪ ਪਹਿਲੇ ਵੀ ਮਿਲੇ ਸੀ। ਬਾਪ ਹੀ ਆਕੇ ਪਤਿਤਾਂ ਨੂੰ ਪਾਵਨ ਬਣਾਉਣਗੇ। 21 ਜਨਮਾਂ ਦੇ ਲਈ ਤੁਸੀਂ ਬੱਚਿਆਂ ਨੂੰ ਪਾਵਨ ਬਣਾਉਂਦਾ ਹਾਂ। ਤਾਂ ਇਹ ਸਭ ਧਾਰਨਾ ਕਰਨੀ ਚਾਹੀਦੀ ਹੈ ਫਿਰ ਦੱਸਣਾ ਚਾਹੀਦਾ ਹੈ- ਬਾਬਾ ਨੇ ਕੀ ਸਮਝਾਇਆ। ਬਾਪ ਤੋਂ

ਅਸੀਂ ਭਵਿੱਖ 21 ਜਨਮਾਂ ਦਾ ਵਰਸਾ ਲੈਂਦੇ ਹਾਂ। ਇਹ ਯਾਦ ਰਹਿਣ ਨਾਲ ਫਿਰ ਖੁਸ਼ੀ ਵਿੱਚ ਰਹਿਣਗੇ। ਇਹ ਪਰਮ - ਆਨੰਦ ਹੈ। ਮਾਸਟਰ ਨਾਲੇਜਫੁਲ, ਬਲਿਸਫੁਲ ਇਹ ਸਭ ਵਰਦਾਨ ਬਾਪ ਤੋਂ ਹੁਣ ਤੁਹਾਨੂੰ ਮਿਲਦੇ ਹਨ। ਸਤਿਯੁਗ ਵਿੱਚ ਤਾਂ ਬੁੱਧੂ ਹੋਣਗੇ। ਇਨ੍ਹਾਂ ਲਕਸ਼ਮੀ - ਨਾਰਾਇਣ ਨੂੰ ਤਾਂ ਕੁਝ ਵੀ ਨਾਲੇਜ ਨਹੀਂ। ਇਨ੍ਹਾਂ ਨੂੰ ਹੁੰਦੀ ਤਾਂ ਪਰੰਪਰਾ ਤੋਂ ਚਲੀ ਆਉਂਦੀ ਹੈ। ਤੁਹਾਡੇ ਜਿਹਾ ਪਰਮ ਆਨੰਦ ਦੇਵਤਾਵਾਂ ਨੂੰ ਵੀ ਨਹੀਂ ਹੋ ਸਕਦਾ ਹੈ। ਅੱਛਾ-

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁਡਮੋਰਨਿੰਗ । ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਦੇਵਤਾ ਬਣਨ ਦੇ ਲਈ ਖਾਣ - ਪਾਣ ਦੀ ਬਹੁਤ ਸ਼ੁਧੀ ਰੱਖਣੀ ਹੈ। ਬਹੁਤ ਹੀ ਪਰਹੇਜ ਨਾਲ ਚਲਣਾ ਹੈ। ਯੋਗਬਲ ਨਾਲ ਭੋਜਨ ਨੂੰ ਦ੍ਰਿਸ਼ਟੀ ਦੇ ਸ਼ੁੱਧ ਬਣਾ ਕੇ ਸਵੀਕਰ ਕਰਨਾ ਹੈ।

2. ਪਰਮਪਿਤਾ ਪਰਮਾਤਮਾ ਦੇ ਅਸੀਂ ਬੱਚੇ ਮਤਲਬ ਸਟੂਡੈਂਟ ਹਾਂ, ਉਹ ਸਾਨੂੰ ਹੁਣ ਆਪਣੇ ਘਰ ਲੈ ਜਾਣਗੇ, ਇਸੇ ਨਸ਼ੇ ਵਿੱਚ ਰਹਿ ਪਰਮ ਸੁੱਖ, ਪਰਮ ਆਨੰਦ ਦਾ ਅਨੁਭਵ ਕਰਨਾ ਹੈ।

ਵਰਦਾਨ:- ਸੇਵਾ ਦੀ ਲਗਨ ਦ੍ਵਾਰਾ ਲੌਕਿਕ ਨੂੰ ਅਲੌਕਿਕ ਪ੍ਰਵ੍ਰਤੀ ਵਿਚ ਪਰਿਵਰਤਨ ਕਰਨ ਵਾਲੇ ਨਿਰੰਤਰ ਸੇਵਾਦਾਰੀ ਭਵ। ਸੇਵਾਦਾਰੀ ਦਾ ਕ੍ਰਤਵਿਆ ਹੈ ਨਿਰੰਤਰ ਸੇਵਾ ਵਿਚ ਰਹਿਣਾ - ਭਾਵੇਂ ਮਨਸਾ ਸੇਵਾ ਹੋਵੇ, ਭਾਵੇਂ ਵਾਚਾ ਅਤੇ ਕਰਮਣਾ ਸੇਵਾ ਹੋਵੇ। ਸੇਵਾਦਾਰੀ ਕਦੇ ਵੀ ਸੇਵਾ ਨੂੰ ਆਪਣੇ ਤੋਂ ਵੱਖ ਨਹੀਂ ਸਮਝਦੇ। ਜਿਨ੍ਹਾਂ ਦੀ ਬੁੱਧੀ ਵਿਚ ਸਦਾ ਸੇਵਾ ਦੀ ਲਗਨ ਰਹਿੰਦੀ ਹੈ ਉਨ੍ਹਾਂ ਦੀ ਲੌਕਿਕ ਪ੍ਰਵ੍ਰਤੀ ਬਦਲਕੇ ਈਸ਼ਵਰੀ ਪ੍ਰਵ੍ਰਤੀ ਹੋ ਜਾਂਦੀ ਹੈ। ਸੇਵਾਦਾਰੀ ਘਰ ਨੂੰ ਘਰ ਨਹੀਂ ਸਮਝਦੇ ਲੇਕਿਨ ਸੇਵਾਸਥਾਨ ਸਮਝਕੇ ਚਲਦੇ ਹਨ। ਸੇਵਾਦਾਰੀ ਦਾ ਮੁੱਖ ਗੁਣ ਹੈ ਤਿਆਗ। ਤਿਆਗ ਵ੍ਰਿਤੀ ਵਾਲੇ ਪ੍ਰਵ੍ਰਤੀ ਵਾਲੇ ਪ੍ਰਵ੍ਰਤੀ ਵਿਚ ਤਪਸਵੀ ਮੂਰਤ ਹੋਕੇ ਰਹਿੰਦੇ ਹਨ ਜਿਸ ਨਾਲ ਸੇਵਾ ਖੁਦ ਹੁੰਦੀ ਹੈ।

ਸਲੋਗਨ:- ਆਪਣੇ ਸੰਸਕਾਰ ਨੂੰ ਦਿਵਿਆ ਬਨਾਉਣਾ ਹੈ ਤਾਂ ਮਨ - ਬੁੱਧੀ ਨੂੰ ਬਾਪ ਦੇ ਅੱਗੇ ਸਮਰਪਿਤ ਕਰ ਦਵੋ।

******

ਇਹ ਅਵਿਅਕਤ ਇਸ਼ਾਰੇ :- ਮਹਾਨ ਬਣਨ ਦੇ ਲਈ ਮਧੁਰਤਾ ਅਤੇ ਨਿਮਰਤਾ ਦਾ ਗੁਣ ਧਾਰਨ ਕਰੋ।

ਕਿਸੇ ਵੀ ਆਤਮਾ ਨੂੰ ਦੋ ਘੜੀ ਮਿੱਠੀ ਦ੍ਰਿਸ਼ਟੀ ਦੇ ਦੇਵੋ। ਮਿੱਠੇ ਬੋਲ ਬੋਲ ਦਵੋ ਤਾਂ ਉਸ ਆਤਮਾ ਨੂੰ ਸਦਾ ਦੇ ਲਈ ਭਰਪੂਰ ਕਰ ਦੇਣਗੇ। ਇਹ ਦੋ ਘੜੀ ਦੀ ਮਧੁਰ ਦ੍ਰਿਸ਼ਟੀ, ਬੋਲ ਉਸ ਆਤਮਾ ਦੀ ਦ੍ਰਿਸ਼ਟੀ ਬਦਲ ਦੇਣਗੇ। ਦੋ ਮਧੁਰ ਬੋਲ ਸਦਾ ਦੇ ਲਈ ਬਦਲਣ ਦੇ ਨਿਮਿਤ ਬਣ ਜਾਣਗੇ।